ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਭਲਾਈ ਸ਼ਾਖਾ)

## ਨੋਟੀਫਿਕੇਸ਼ਨ

ਮਿਤੀ 20 ਸੰਤਬਰ, 2012
ਨੰ:25/26/ਪਸਪਬ/ਖੋ.ਅ./ਐਨ.ਜੀ.ਓ./2012/ 3776

ਰਾਜਪਾਲ ਪੰਜਾਬ ਜੀ ਪ੍ਰਸੰਨਤਾਪੂਰਵਕ ਗੈਰ ਸਰਕਾਰੀ ਸੰਸਥਾਵਾਂ ਦੇ ਰੋਲ ਨੂੰ ਰਾਜ ਦੇ ਵਿਕਾਸ ਕਾਰਜਾਂ ਵਿੱਚ ਉੱਨਤ ਕਰਨ ਲਈ ਅਪੈਕਸ ਕਮੇਟੀ ਦਾ ਹੇਠ ਅਨੁਸਾਰ ਪੁਨਰ ਗਠਨ ਕਰਦੇ ਹਨ:-

| | | |
|---|---|---|
| 1) | ਮੁੱਖ ਸਕੱਤਰ, ਪੰਜਾਬ | ਚੇਅਰਮੈਨ |
| 2) | ਵਿੱਤ ਕਮਿਸ਼ਨਰ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ | ਮੈਂਬਰ |
| 3) | ਵਿੱਤ ਕਮਿਸ਼ਨਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ | ਮੈਂਬਰ |
| 4) | ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ | ਮੈਂਬਰ |
| 5) | ਪ੍ਰਮੁੱਖ ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਭਲਾਈ ਵਿਭਾਗ, ਪੰਜਾਬ | ਮੈਂਬਰ |
| 6) | ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ | ਮੈਂਬਰ |
| 7) | ਸਕੱਤਰ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ। | ਮੈਂਬਰ |
| 8) | ਸਕੱਤਰ, ਸਿੱਖਿਆ (ਸਕੂਲ) ਵਿਭਾਗ,ਪੰਜਾਬ | ਮੈਂਬਰ |
| 9) | ਰੀਜਨਲ ਡਾਇਰੈਕਟਰ, ਕੌਂਸਲ ਫਾਰ ਅਡਵਾਂਸਮੈਂਟ ਆਫ ਪੀਪਲਜ ਐਕਸ਼ਨ ਐਡ ਰੂਰਲ ਟੈਕਨਾਲੋਜੀ (ਕਪਾਰਟ) ਚੰਡੀਗੜ੍ਹ | ਮੈਂਬਰ |
| 10) | ਪ੍ਰਮੁੱਖ ਸਕੱਤਰ, ਯੋਜਨਾ,ਪੰਜਾਬ | ਮੈਂਬਰ ਸਕੱਤਰ |
| 11) | ਡਾਇਰੈਕਟਰ ਸੋਸਵਾ (ਨ) | ਸਪੈਸ਼ਲ ਇਨਵਾਈਟੀ |

2 ਅਪੈਕਸ ਕਮੇਟੀ ਜਰੂਰਤ ਅਨੁਸਾਰ ਸਮੇ-ਸਮੇ ਤੇ ਕਿਸੇ ਵੀ ਪ੍ਰਬੰਧਕੀ ਸਕੱਤਰ ਜਾਂ ਅਫਸਰ ਜਾਂ ਕਿਸੇ ਦੂਸਰੇ ਮਾਹਿਰ ਨੂੰ ਵਿਸ਼ੇਸ਼ ਸੱਦਾ ਪ੍ਰਾਪਤ ਵਜੋ ਸਹਿਯੋਗੀ ਬਣਾ ਸਕਦੀ ਹੈ।

3 ਅਪੈਕਸ ਕਮੇਟੀ ਦੇ ਚੇਅਰਮੈਨ ਦੇ ਫੈਸਲੇ ਅਨੁਸਾਰ ਸਮੇ-ਸਮੇ ਸਿਰ ਅਤੇ ਮਿਥੇ ਸਥਾਨ ਤੇ ਕਮੇਟੀ ਇੱਕਤਰਿਤ ਹੋਵੇਗੀ। ਕਮੇਟੀ ਦੇ ਕਾਰਜ ਨਿਮਨਲਿਖਤ ਅਨੁਸਾਰ ਹੋਣਗੇ:

ੳ) ਪੰਜਾਬ ਦੇ ਵਿਕਾਸ ਕਾਰਜਾਂ ਵਿੱਚ ਗੈਰ ਸਰਕਾਰੀ ਸੰਸਥਾਵਾਂ ਨੂੰ ਸ਼ਾਮਿਲ ਕਰਨ ਲਈ ਅਗਵਾਈ ਲੀਹਾਂ ਤੇ ਸਮੁੱਚੀ ਸਲਾਹ ਮੁਹੱਈਆਂ ਕਰਨਾ।

ਅ) ਵਿਕਾਸਸੀਲ ਕੰਮਾਂ ਵਿੱਚ ਗੈਰ ਸਰਕਾਰੀ ਸੰਸਥਾਵਾਂ ਦੇ ਰੋਲ ਨੂੰ ਉਨਤ ਕਰਨ ਲਈ ਸਬੰਧਤ ਪ੍ਰਬੰਧਕੀ ਵਿਭਾਗ ਦੀ ਵਿੱਤੀ/ਭੌਤਿਕ ਪ੍ਰਗਤੀ ਦੀ ਸਮੀਖਿਆ ਕਰਨਾ ਅਤੇ ਜੇ ਕੋਈ ਅੜਚਨ ਹੋਵੇ, ਤਾਂ ਉਸ ਨੂੰ ਹਟਾਉਣ ਲਈ ਉਪਚਾਰਿਕ ਕਦਮ ਉਠਾਉਣਾ।

ੲ) ਚੇਅਰਮੈਨ ਦੇ ਫੈਸਲੇ ਅਨੁਸਾਰ ਇਸ ਤੋਂ ਇਲਾਵਾ ਹੋਰ ਕੋਈ ਕਾਰਜ।

4 ਗੈਰ ਸਰਕਾਰੀ ਮਾਹਿਰ ਜਿਹੜੇ ਕਿ ਮੀਟਿੰਗ ਵਿੱਚ ਵਿਸ਼ੇਸ਼ ਸੱਦਾ ਪ੍ਰਾਪਤ ਵਜੋ ਬੁਲਾਏ ਜਾਣ, ਰਾਜ ਸਰਕਾਰ ਦੇ ਗ੍ਰੇਡ-1 ਅਫਸਰਾਂ ਦੇ ਬਰਾਬਰ ਸਫਰੀ ਭੱਤਾ ਅਤੇ ਮਹਿੰਗਾਈ ਭੱਤਾ ਲਈ

ਹੱਕਦਾਰ ਹੋਣਗੇ। ਇੰਨਾਂ ਕੇਸਾ ਲਈ ਸਫਰੀ ਭੱਤਾ ਅਤੇ ਮਹਿੰਗਾਈ ਭੱਤਾਂ ਪਲਾਨ ਸਕੀਮ ਪੀ.ਐਮ-06 'ਗੈਰ ਸਰਕਾਰੀ ਸੰਸਥਾਵਾਂ ਦੀ ਸਹਾਇਤਾ' ਵਿਚੋ ਅਦਾਇਗੀ ਯੋਗ ਹੋਵੇਗਾ।

5 ਕਮੇਟੀ ਦੀ ਮਿਆਦ ਤਿੰਨ ਸਾਲਾਂ ਦੀ ਹੋਵੇਗੀ।

ਚੰਡੀਗੜ੍ਹ
ਮਿਤੀ: 17 ਸਤੰਬਰ, 2012

ਸਤੀਸ਼ ਚੰਦਰਾ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ, ਪੰਜਾਬ

ਵੱਲ

1) ਮੁੱਖ ਸਕੱਤਰ, ਪੰਜਾਬ
2) ਵਿੱਤ ਕਮਿਸ਼ਨਰ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ
3) ਵਿੱਤ ਕਮਿਸ਼ਨਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ
4) ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ
5) ਪ੍ਰਮੁੱਖ ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਭਲਾਈ ਵਿਭਾਗ, ਪੰਜਾਬ
6) ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ
7) ਸਕੱਤਰ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ।
8) ਸਕੱਤਰ, ਸਿੱਖਿਆ (ਸਕੂਲ) ਵਿਭਾਗ,ਪੰਜਾਬ
9) ਰੀਜਨਲ ਡਾਇਰੈਕਟਰ, ਕੌਂਸਲ ਫਾਰ ਅਡਵਾਂਸਮੈਟ ਆਫ ਪੀਪਲਜ ਐਕਸ਼ਨ ਐਡ ਰੂਰਲ ਟੈਕਨਾਲੋਜੀ (ਕਪਾਰਟ) ਚੰਡੀਗੜ੍ਹ
10) ਪ੍ਰਮੁੱਖ ਸਕੱਤਰ, ਯੋਜਨਾ,ਪੰਜਾਬ
11) ਡਾਇਰੈਕਟਰ ਸੋਸਵਾ (ਨ)

19/9
ਸਕੱਤਰ ਯੋਜਨਾ

ਪਿੱਠ ਅੰਕਣ ਨੰ:25/26/ਪਸਪਬ/ਖੇ.ਅ./ਐਨ.ਜੀ.ਓ./2012/2777-87 ਮਿਤੀ 20/09/12

ਇਸ ਦਾ ਇੱਕ ਉਤਾਰਾ ਕੰਟਰੋਲਰ, ਛਪਾਈ ਅਤੇ ਸਟੇਸ਼ਨਰੀ ਨੂੰ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਦਫਤਰੀ ਗਜ਼ਟ ਵਿੱਚ ਪ੍ਰਕਾਸ਼ਨ ਹਿੱਤ ਭੇਜਿਆ ਜਾਂਦਾ ਹੈ।

19/9
ਸਕੱਤਰ ਯੋਜਨਾ

ਕਾਪੀ ਵੱਲ:

- ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਯੋਜਨਾ, ਨਿੱਜੀ ਸਕੱਤਰ/ਸਕੱਤਰ ਯੋਜਨਾ